ਕੀ ਤੁਹਾਡਾ ਬੱਚਾ ਅਗਸਤ 31 ਤੱਕ 5 ਸਾਲ ਦਾ ਹੋ ਜਾਵੇਗਾ?

ਜੇਕਰ ਹਾਂ, **ਹੁਣ ਸਮਾਂ ਹੈ** ਕਿੰਡਰਗਾਰਟਨ ਲਈ ਦਾਖ਼ਲਾ ਲੈਣ ਦਾ!

ਦਾਖ਼ਲੇ ਲਈ **ਸਹਾਇਤਾ ਪ੍ਰਾਪਤ ਕਰੋ।** ਆਪਣੇ ਸਥਾਨਕ ਸਕੂਲ ਜਾਂ ਡਿਸਟ੍ਰਿਕਟ ਆਫ਼ਿਸ ਵਿੱਚ ਜਾਓ।

# ਕਿੰਡਰਗਾਰਟਨ ਦਾਖ਼ਲਾ
# ਦਸਤਾਵੇਜ਼ ਜਾਣਕਾਰੀ ਸ਼ੀਟ

ਸਾਰੇ ਰੋਡ ਮੈਪ ਜ਼ਿਲ੍ਹਿਆਂ ਵਿੱਚ ਹੇਠ ਲਿਖੇ ਕਾਗਜ਼ਾਤ ਨੂੰ ਰਜਿਸਟਰੇਸ਼ਨ ਕਾਰਜ ਦੌਰਾਨ ਵਰਤਿਆ ਜਾਂਦਾ ਹੈ. ਜੇਕਰ ਸੰਭਵ ਹੋਵੇ, ਆਪਣੇ ਬੱਚੇ ਦੇ ਰਜਿਸਟਰੇਸ਼ਨ ਨੂੰ ਸੁਚਾਰੂ ਬਣਾਉਣ ਵਿੱਚ ਮਦਦ ਕਰਨ ਲਈ ਆਪਣੇ ਨਾਲ ਲੈ ਕੇ ਜਾਓ. ਜੇਕਰ ਇਨ੍ਹਾਂ ਦਸਤਾਵੇਜਾਂ ਸਬੰਧੀ ਕੋਈ ਸਵਾਲ ਹਨ, ਤੁਹਾਡਾ ਸਕੂਲ ਡਿਸਟ੍ਰਿਕਟ ਮਦਦ ਕਰਨ ਲਈ ਇੱਥੇ ਹੈ.

- **ਜਨਮ ਦਾ ਸਬੂਤ***
- **ਟੀਕਾਕਰਨ ਦੇ ਰਿਕਾਰਡ** (ਚਿਕਨ ਪੌਕਸ, ਖਸਰਾ, ਪੇੜੇ, ਰੂਬੈਲਾ, ਪੋਲੀਓ, ਡਿਪਥੀਰੀਆ, ਟੈਟਨਸ, ਹੈਪੇਟਾਈਟਸ ਬੀ, ਕਾਲੀ ਖੰਘ)
- **ਪਤੇ ਦਾ ਸਬੂਤ** (ਕਿਰਾਇਆ ਜਾਂ ਖਰੀਦ ਸਮਝੌਤਾ,ਜਨਤਕ ਏਜੰਸੀ ਦਸਤਾਵੇਜ਼, ਸਹੂਲਤ ਬਿੱਲ)
- **ਅਪਾਤਕਾਲ ਸੰਪਰਕ ਜਾਣਕਾਰੀ**

ਕੁਝ ਜ਼ਿਲ੍ਹਿਆਂ ਵਿੱਚ, ਹੋਰ ਜਾਣਕਾਰੀ ਲਈ ਬੇਨਤੀ ਕੀਤੀ ਹੈ:

** ਕੈਂਟ (Kent) ਅਤੇ ਸੀਐਟਲ (Seattle) ਨੂੰ ਜ਼ਰੂਰੀ ਨਹੀਂ ਕਿ ਇੱਕ ਜਨਮ ਸਰਟੀਫਿਕੇਟ ਹੀ ਹੋਵੇ, ਪਰ ਅਜਿਹੇ ਕੋਈ ਅਦਾਲਤੀ ਦਸਤਾਵੇਜ਼, ਜਿਨ੍ਹਾਂ ਵਿੱਚ ਵਿਦਿਆਰਥੀ ਦਾ ਨਾਮ ਅਤੇ ਜਨਮ ਤਾਰੀਖ ਵੀ ਸ਼ਾਮਲ ਹੋਵੇ, ਜਿਵੇਂ ਕਿ ਪਾਸਪੋਰਟ, ਕਨੂੰਨੀ ਦਸਤਾਵੇਜ਼,ਵਾਸ਼ਿੰਗਟਨ (Washington) ਸਟੇਟ ਸ਼ਨਾਖਤੀ ਕਾਰਡ, ਅਡਾਪਸ਼ਨ ਦਸਤਾਵੇਜ਼ ਆਦਿ. ਦਸਤਾਵੇਜਾਂ ਵਿੱਚ ਪਛਾਣ ਅਤੇ ਉਮਰ ਦਾ ਸਬੂਤ ਹੋਣਾ ਚਾਹੀਦਾ ਹੈ.*

| Seattle | Tukwila |
|---|---|
| • ਦੋ (2) ਲੋਕਾਂ ਲਈ ਅਪਾਤਕਾਲ ਸੰਪਰਕ ਜਾਣਕਾਰੀ<br>• ਪਿਛਲੇ 8 ਹਫ਼ਤਿਆਂ ਦੇ ਅੰਦਰ ਜਾਰੀ ਪਤੇ ਦਾ ਸਬੂਤ ਦਿਖਾਉਂਦੇ ਹੋਏ ਦੋ (2) ਵੱਖ-ਵੱਖ ਦਸਤਾਵੇਜ਼ | • ਮਾਪਿਆਂ ਦਾ ਫੋਟੋ ਪਛਾਣ ਪੱਤਰ |

**ਫੈਮਿਲੀ ਹੈਲਥ ਹੌਟਲਾਈਨ ਨੂੰ ਇੱਥੇ ਕਾਲ ਕਰੋ**

**1-800-322-2588**

**ਤੁਹਾਡੇ ਬੱਚੇ ਦੇ ਸਕੂਲ ਡਿਸਟ੍ਰਿਕਟ ਨੂੰ ਲੱਭਣ ਲਈ ਮਦਦ ਪ੍ਰਾਪਤ ਕਰਨ ਲਈ.**

Start Strong | STEM Strong | Stay Strong — Road Map Region RACE to the TOP